Surrey Schools
LEADERSHIP IN LEARNING

Tel: 604.596.7733
www.sd36.bc.ca

# ਆਪਣੇ ਬੱਚਿਆਂ ਨੂੰ ਆਪਣੀ ਨੌਕਰੀ ਵਾਲੀ ਥਾਂ ਲਿਜਾਣਾ
## Taking our Kids to Work

2 ਨਵਬੰਰ 2011ਵਾਲੇ ਦਿਨ 9ਵੀਂ ਕਲਾਸ ਦੇ ਵਿਦਿਆਰਥੀ ਆਪਣੇ ਮਾਪਿਆਂ ਜਾਂ ਰਿਸ਼ਤੇਦਾਰਾਂ ਦੇ ਕੰਮ ਦੀ ਥਾਂ ਜਾਣਗੇ

ਆਪਣੇ ਬੱਚਿਆਂ ਨੂੰ ਕੰਮ ਓਪਰ ਲਿਜਾਣਾ ! ਇਹ ਪ੍ਰੋਗਰਾਮ ਕੈਨੇਡਾ ਭਰ ਵਿੱਚ ਇੱਕ ਸਮਾਜਿਕ ਸੰਸਥਾਂ ਜਿਸ ਨੂੰ ਲਰਨਿੰਗ ਪਾਰਟਨਰਸ਼ਿਪ ਕਹਿੰਦੇ ਹਨ, ਦੇ ਅਧੀਨ, ਵਣਜ ਵਿਪਾਰ ਨਾਲ, ਗੌਰਮਿੰਟ ਨਾਲ, ਨੀਤੀ ਬਣਾਓਣ ਵਾਲੀਆਂ ਸੰਸਥਾਂਵਾਂ ਨਾਲ ਅਤੇ ਪਬਲਿਕ ਦੀ ਪੜ੍ਹਾਈ ਦੇ ਕੇਂਦਰਾਂ ਨਾਲ ਰਲ ਕਿ ਨਿਯੁਕਤ ਕੀਤਾ ਗਿਆ ਹੈ । ਇਸ ਨਾਲ 9ਵੀਂ ਦੇ ਵਿਦਿਆਰਥੀ ਇੱਕ ਅਸਲੀ ਥਾਂ ਓਪਰ ਜਾ ਕਿ ਦੇਖ ਸਕਦੇ ਹਨ ਕਿ ਦੁਨੀਆਂ ਦੇ ਕਾਰੋਵਾਰ ਕਿਸ ਤਰਾਂ ਚਲਦੇ ਹਨ ।

ਇਸ ਪ੍ਰੌਗਰਾਮ ਦੇ 2 ਮੁੱਖ ਟੀਚੇ ਹਨ:

- ਵਿਦਿਆਰਥੀਆਂ ਦੀ ਦੁਨੀਆਂ ਦੇ ਵੱਖ ਵੱਖ ਕਾਰੋਵਾਰਾਂ ਬਾਰੇ ਜਾਣਕਾਰੀ ਵਧਾਓਣੀ ਅਤੇ ਓਹਨਾਂ ਨੂੰ ਕਾਰੋਵਾਰਾਂ ਦੀਆਂ ਜ਼ਰੂਰਤਾਂ ਅਤੇ ਕੰਮ ਓਪਰ ਵੱਧਣ ਫੁੱਲਣ ਲਈ ਗਿਆਨ ਦੇਣਾ
- ਵਿਦਿਆਰਥੀਆਂ ਨੂੰ ਆਪਣੇ ਪ੍ਰੀਵਾਰ ਦੇ ਮੈਂਬਰਾਂ ਨੂੰ ਜਾਂ ਰਿਸ਼ਤੇਦਾਰਾਂ ਨੂੰ ਓਹਨਾਂ ਦੇ ਕੰਮਾ ਕਾਰਾਂ ਵਿੱਚ ਦੇਖ ਕਿ ਪਤਾ ਚਲਦਾ ਹੈ ਕਿ ਇੱਕ ਪ੍ਰੀਵਾਰ ਦੀਆਂ ਲੋੜਾ ਨੂੰ ਪੂਰਾ ਕਰਨ ਲਈ ਕੀ ਕੁੱਝ ਕਰਨਾ ਪੈਂਦਾ ਹੈ
- ਵਿਦਿਆਰਥੀਆਂ ਨੂੰ ਇਹ ਪਤਾ ਚਲਦਾ ਹੈ ਕਿ ਪੜ੍ਹਾਈ ਦਾ ਅਸਰ ਅਤੇ ਲਾਭ ਸਕੂਲ ਦੀਆਂ ਕੰਧਾਂ ਤੋਂ ਬਾਹਰ ਬਹੁਤ ਅੱਗੇ ਤੱਕ ਹੈ ਅਤੇ ਛੋਟੇ ਬੱਚਿਆਂ ਦੀ ਦੁਨੀਆਂ ਦੀ ਤਿਆਰੀ ਲਈ ਸਾਰਿਆਂ ਦੀ ਰਲ ਮਿਲ ਕਿ ਜ਼ਿਮੇਵਾਰੀ ਹੈ ।

ਇਸ ਪ੍ਰੌਗਰਾਮ ਦੀ ਜ਼ਿਮੇਵਾਰੀ ਲੈ ਕਿ ਮਾਪੇ, ਕਾਰੋਵਾਰਾਂ ਵਾਲੇ, ਵਿਦਿਆਰਥੀ, ਅਧਿਆਪਕ, ਸਾਰੇ ਰਲ ਮਿਲ ਕਿ ਇਸ ਪ੍ਰੌਗਰਾਮ ਦੇ ਮਿਥੇ ਗਏ ਟੀਚਿਆਂ ਨੂੰ ਸਰ ਕਰਨ ਲਈ ਮਦਦ ਕਰਦੇ ਹਨ ਅਤੇ ਭਾਈਚਾਰੇ ਨੂੰ ਮਜ਼ਬੂਤ ਬਣਾਓਂਦੇ ਹਨ । ਆਸ ਹੈ ਕਿ ਇਸ ਤਰਾਂ ਕਰਨ ਨਾਲ ਨਾ ਸਿਰਫ ਵਿਦਿਆਰਥੀਆਂ ਨੂੰ ਸਕੂਲ ਵਿੱਚ ਰਹਿ ਕਿ ਪੜ੍ਹਾਈ ਸੰਪੂਰਨ ਕਰਨ ਦਾ ਹੌਸਲਾ ਮਿਲੇਗਾ ਸਗੋਂ ਨਾਲ ਨਾਲ ਓਹਨਾਂ ਨੂੰ ਵਿੱਦਿਆ ਦਾ ਆਪਣੇ ਭਵਿੱਖ ਲਈ ਜ਼ਰੂਰਤ ਦਾ ਪਤਾ ਚਲੇਗਾ ।

ਕੋਈ ਵੀ - ਕੋਈ ਮਾਂ ਬਾਪ, ਕੋਈ ਰਿਸ਼ਤੇਦਾਰ ਜਾਂ ਕੋਈ ਵਲੰਟੀਅਰ - ਇੱਕ ਵਿਦਿਆਰਥੀ ਨੂੰ ਇੱਕ ਦਿਨ ਲਈ ਆਪਣੀ ਕੰਮ ਵਾਲੀ ਥਾਂ ਓਪਰ ਸੱਦਾ ਦੇ ਸਕਦਾ ਹੈ । ਹਰ ਇੱਕ ਵਿਦਿਆਰਥੀ ਨੂੰ ਓਹਨਾਂ ਕੰਮਾਂ ਕਾਰਾਂ ਵਾਲੀ ਥਾਵਾਂ ਓਪਰ ਇੱਕ ਦਿਨ ਜਾਣ ਦਾ ਬੰਦੋਬਾਸਤ ਕੀਤਾ ਜਾਵੇਗਾ ।

ਇਸ ਆਪਣੇ ਬੱਚੇ ਨੂੰ ਕੰਮ ਓਪਰ ਲਿਜਾਣ ਦੇ ਪ੍ਰੌਗਰਾਮ ਦੀ ਹੋਰ ਜਾਣਕਾਰੀ ਲਈ ਤੁਸੀਂ ਸਰ੍ਹੀ ਸਕੂਲ ਡਿਸਟਰਿਕਟ ਦੇ ਕੈਰੀਅਰ ਐਜੂਕੇਸ਼ਨ ਦੇ ਵਿਭਾਗ ਨਾਲ ਸਪੰਰਕ ਕਰ ਸਕਦੇ ਹੌ: 604-595-6175